ਮਿੱਠੇ ਬੱਚੇ:- "ਮਿੱਠੇ ਬੱਚੇ - ਇਸ ਸ਼ਰੀਰ ਨਾਲ ਜਿਉਂਦੇ ਜੀ ਮਰਨ ਦੇ ਲਈ ਅਭਿਆਸ ਕਰੋ - 'ਮੈਂ ਵੀ ਆਤਮਾ, ਤੁਸੀਂ ਵੀ ਆਤਮਾ' - ਇਸ ਅਭਿਆਸ ਨਾਲ ਮਮਤਵ ਨਿਕਲ ਜਾਵੇਗਾ"

ਪ੍ਰਸ਼ਨ:- ਸਭ ਤੋਂ ਉੱਚੀ ਮੰਜਿਲ ਕਿਹੜੀ ਹੈ? ਉਸ ਮੰਜਿਲ ਨੂੰ ਪ੍ਰਾਪਤ ਕਰਨ ਵਾਲਿਆਂ ਦੀ ਨਿਸ਼ਾਨੀ ਕੀ ਹੋਵੇਗੀ?

ਉੱਤਰ:- ਸਾਰੇ ਦੇਹਧਾਰੀਆਂ ਨਾਲ ਮਮਤਵ ਟੁੱਟ ਜਾਵੇ, ਸਦਾ ਭਾਈ - ਭਾਈ ਦੀ ਸਮ੍ਰਿਤੀ ਰਹੇ - ਇਹ ਹੀ ਹੈ ਉੱਚੀ ਮੰਜਿਲ। ਇਸ ਮੰਜਿਲ ਤੇ ਉਹ ਹੀ ਪਹੁੰਚ ਸਕਦੇ ਹਨ ਜਿਹੜੇ ਨਿਰੰਤਰ ਦੇਹੀ - ਅਭਿਮਾਨੀ ਬਣਨ ਦਾ ਅਭਿਆਸ ਕਰਦੇ ਹਨ। ਜੇਕਰ ਦੇਹੀ - ਅਭਿਮਾਨੀ ਨਹੀਂ ਤਾਂ ਕਿਤੇ ਨਾ ਕਿਤੇ ਫੱਸਦੇ ਰਹਾਂਗੇ ਜਾਂ ਆਪਣੇ ਸ਼ਰੀਰ ਵਿੱਚ ਜਾਂ ਕਿਸੇ ਨਾ ਕਿਸੇ ਮਿੱਤਰ ਸੰਬੰਧੀ ਦੇ ਸ਼ਰੀਰ ਵਿੱਚ। ਉਨ੍ਹਾਂ ਨੂੰ ਕਿਸੇ ਦੀ ਗੱਲ ਚੰਗੀ ਲੱਗੇਗੀ ਜਾਂ ਕੋਈ ਦਾ ਸ਼ਰੀਰ ਚੰਗਾ ਲੱਗੇਗਾ। ਉੱਚੀ ਮੰਜਿਲ ਤੇ ਪਹੁੰਚਣ ਵਾਲੇ ਜਿਸਮ (ਦੇਹ) ਨਾਲ ਪਿਆਰ ਨਹੀਂ ਕਰ ਸਕਦੇ। ਉਨ੍ਹਾਂ ਦੇ ਸ਼ਰੀਰ ਦਾ ਭਾਨ ਟੁੱਟਿਆ ਹੋਇਆ ਹੋਵੇਗਾ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਕਹਿੰਦੇ ਹਨ - ਦੇਖੋ, ਮੈਂ ਤੁਹਾਨੂੰ ਸਾਰਿਆਂ ਬੱਚਿਆਂ ਨੂੰ ਆਪਣੇ ਵਰਗਾ ਬਣਾਉਣ ਦੇ ਲਈ ਆਇਆ ਹਾਂ। ਹੁਣ ਬਾਪ ਆਪਣੇ ਵਰਗਾ ਬਣਾਉਣ ਕਿਵੇਂ ਆਉਣਗੇ? ਉਹ ਹੈ ਨਿਰਾਕਾਰ, ਕਹਿੰਦੇ ਹਨ ਮੈਂ ਨਿਰਾਕਾਰ ਹਾਂ ਤੁਹਾਨੂੰ ਬੱਚਿਆਂ ਨੂੰ ਆਪਣੇ ਵਰਗਾ ਮਤਲਬ ਨਿਰਾਕਾਰੀ ਬਣਾਉਣ, ਜਿਉਂਦੇ ਜੀ ਮਰਨਾ ਸਿਖਾਉਣ ਲਈ ਆਇਆ ਹਾਂ। ਬਾਪ ਆਪਣੇ ਨੂੰ ਵੀ ਆਤਮਾ ਸਮਝਦੇ ਹਨ ਨਾ। ਇਸ ਸ਼ਰੀਰ ਦਾ ਵੀ ਭਾਨ ਨਹੀਂ ਹੈ। ਸ਼ਰੀਰ ਵਿੱਚ ਰਹਿੰਦੇ ਵੀ ਸ਼ਰੀਰ ਦਾ ਭਾਨ ਨਹੀਂ ਹੈ। ਇਹ ਸ਼ਰੀਰ ਤਾਂ ਉਨ੍ਹਾਂ ਦਾ ਨਹੀਂ ਹੈ। ਤੁਸੀਂ ਬੱਚੇ ਵੀ ਇਸ ਸ਼ਰੀਰ ਦਾ ਭਾਨ ਕੱਢ ਦੇਵੋ। ਤੁਸੀਂ ਆਤਮਾਵਾਂ ਨੇ ਹੀ ਮੇਰੇ ਨਾਲ ਚਲਣਾ ਹੈ। ਇਹ ਸ਼ਰੀਰ ਜਿਵੇਂਕਿ ਮੈਂ ਲੋਨ ਲਿਆ ਹੈ, ਓਵੇਂ ਆਤਮਾਵਾਂ ਵੀ ਲੋਨ ਲੈਂਦੀਆਂ ਹਨ ਪਾਰਟ ਵਜਾਉਣ ਦੇ ਲਈ। ਤੁਸੀਂ ਜਨਮ ਜਨਮਾਂਤਰ ਸ਼ਰੀਰ ਲੈਂਦੇ ਆਏ ਹੋ। ਹੁਣ ਜਿਵੇ ਕੀ ਮੈਂ ਜਿਉਂਦੇ ਜੀ ਇਸ ਸ਼ਰੀਰ ਵਿੱਚ ਹਾਂ ਪਰ ਹਾਂ ਤਾਂ ਨਿਆਰਾ ਮਤਲਬ ਮਰਿਆ ਹੋਇਆ। ਮਰਨਾ ਸ਼ਰੀਰ ਛੱਡਣ ਨੂੰ ਕਿਹਾ ਜਾਂਦਾ ਹੈ। ਤੁਹਾਨੂੰ ਵੀ ਜਿਉਂਦੇ ਜੀ ਇਸ ਸ਼ਰੀਰ ਤੋਂ ਮਰਨਾ ਹੈ। ਮੈਂ ਵੀ ਆਤਮਾ, ਤੁਸੀਂ ਵੀ ਆਤਮਾ। ਤੁਹਾਨੂੰ ਵੀ ਮੇਰੇ ਨਾਲ ਚਲਣਾ ਹੈ ਜਾਂ ਇੱਥੇ ਹੀ ਬੈਠਣਾ ਹੈ? ਤੁਹਾਡਾ ਇਸ ਸ਼ਰੀਰ ਵਿੱਚ ਜਨਮ- ਜਨਮਾਂਤਰ ਦਾ ਮੋਹ ਹੈ। ਜਿਵੇ ਮੈਂ ਅਸ਼ਰੀਰੀ ਹਾਂ, ਤੁਸੀਂ ਵੀ ਜਿਉਂਦੇ ਜੀ ਆਪਣੇ ਨੂੰ ਅਸ਼ਰੀਰੀ ਸਮਝੋ। ਅਸੀਂ ਹੁਣ ਬਾਬਾ ਦੇ ਨਾਲ ਜਾਣਾ ਹੈ। ਜਿਵੇਂ ਬਾਬਾ ਦਾ ਇਹ ਪੁਰਾਣਾ ਸ਼ਰੀਰ ਹੈ, ਤੁਹਾਡਾ ਆਤਮਾਵਾਂ ਦਾ ਵੀ ਹੁਣ ਇਹ ਸ਼ਰੀਰ ਪੁਰਾਣਾ ਹੈ। ਪੁਰਾਣੀ ਜੁੱਤੀ ਨੂੰ ਛੱਡਣਾ ਹੈ। ਜਿਵੇਂ ਮੇਰਾ ਇਸ ਵਿੱਚ ਮਮਤਵ ਨਹੀਂ ਹੈ, ਤੁਸੀਂ ਵੀ ਇਸ ਪੁਰਾਣੀ ਜੁੱਤੀ ਨਾਲ ਮਮਤਵ ਕੱਢੋ। ਤੁਹਾਨੂੰ ਮਮਤਵ ਰੱਖਣ ਦੀ ਆਦਤ ਪਈ ਹੋਈ ਹੈ। ਸਾਨੂੰ ਆਦਤ ਨਹੀਂ ਹੈ। ਮੈਂ ਜਿਉਂਦੇ ਜੀ ਮਰਿਆ ਹੋਇਆ ਹਾਂ। ਤੁਹਾਨੂੰ ਵੀ ਜਿਉਂਦੇ ਜੀ ਮਰਨਾ ਹੈ। ਮੇਰੇ ਨਾਲ ਜਾਣਾ ਹੈ ਤਾਂ ਹੁਣ ਇਹ ਪ੍ਰੈਕਟਿਸ ਕਰੋ। ਸ਼ਰੀਰ ਦਾ ਕਿੰਨਾ ਭਾਨ ਰਹਿੰਦਾ ਹੈ, ਗੱਲ ਨਾ ਪੁੱਛੋ! ਸ਼ਰੀਰ ਰੋਗੀ ਹੋ ਜਾਂਦਾ ਹੈ ਤਾਂ ਵੀ ਆਤਮਾ ਉਸਨੂੰ ਛੱਡਦੀ ਨਹੀਂ ਹੈ, ਇਸ ਨਾਲ ਮਮਤਵ ਕੱਢਣਾ ਪਵੇ। ਸਾਨੂੰ ਤਾਂ ਬਾਬਾ ਨਾਲ ਜਰੂਰ ਜਾਣਾ ਹੈ। ਆਪਣੇ ਨੂੰ ਸ਼ਰੀਰ ਤੋਂ ਨਿਆਰਾ ਸਮਝਣਾ ਹੈ। ਇਸ ਨੂੰ ਹੀ ਜਿਉਂਦੇ ਜੀ ਮਰਨਾ ਕਿਹਾ ਜਾਂਦਾ ਹੈ। ਆਪਣਾ ਘਰ ਹੀ ਯਾਦ ਰਹਿੰਦਾ ਹੈ। ਤੁਸੀਂ ਜਨਮ ਜਨਮਾਂਤਰ ਤੋਂ ਇਸ ਸ਼ਰੀਰ ਵਿੱਚ ਰਹਿੰਦੇ ਆਏ ਹੋ ਇਸਲਈ ਤੁਹਾਨੂੰ ਮੇਹਨਤ ਕਰਨੀ ਪੈਂਦੀ ਹੈ। ਜਿਉਂਦੇ ਜੀ ਮਰਨਾ ਪੈਂਦਾ ਹੈ। ਮੈਂ ਤਾਂ ਇਸ ਵਿੱਚ ਆਉਂਦਾ ਹੀ ਟੈਮਪ੍ਰੇਰੀ ਹਾਂ(ਥੋੜੇ ਸਮੇਂ ਦੇ ਲਈ)। ਤਾਂ ਮਰ ਕੇ ਚਲਣਾ ਮਤਲਬ ਆਪਣੇ ਨੂੰ ਆਤਮਾ ਸਮਝ ਕੇ ਚੱਲਣ ਨਾਲ ਕਿਸੇ ਵੀ ਦੇਹਧਾਰੀ ਨਾਲ ਮਮਤਵ ਨਹੀਂ ਰਹੇਗਾ। ਅਕਸਰ ਕਰਕੇ ਕਿਸੇ ਨਾ ਕਿਸੇ ਵਿੱਚ ਮੋਹ ਹੋ ਜਾਂਦਾ ਹੈ। ਬਸ, ਉਸਨੂੰ ਦੇਖੇ ਬਗੈਰ ਰਹਿ ਨਹੀਂ ਸਕਦੇ ਹਾਂ। ਇਹ ਦੇਹਧਾਰੀ ਦੀ ਯਾਦ ਇਕਦਮ ਉਡਾ ਦੇਣੀ ਚਾਹੀਦੀ ਹੈ ਕਿਉਂਕਿ ਬਹੁਤ ਵੱਡੀ ਮੰਜਿਲ ਹੈ। ਖਾਂਦੇ-ਪੀਂਦੇ ਜਿਵੇ ਕੀ ਇਸ ਸ਼ਰੀਰ ਵਿੱਚ ਹਾਂ ਹੀ ਨਹੀਂ। ਇਹ ਅਵਸਥਾ ਪੱਕੀ ਕਰਨੀ ਹੈ। ਫਿਰ 8 ਰਤਨਾਂ ਦੀ ਮਾਲਾ ਵਿੱਚ ਆ ਸਕਦੇ ਹਾਂ। ਮੇਹਨਤ ਬਗੈਰ ਤਾਂ ਉੱਚ ਪਦ ਮਿਲ ਨਹੀਂ ਸਕਦਾ ਹੈ। ਜਿਉਂਦੇ ਜੀ ਦੇਖਦੇ ਹੋਏ ਸਮਝੋ ਕੀ ਮੈਂ ਤਾਂ ਓਥੋਂ ਦਾ ਰਹਿਣ ਵਾਲਾ ਹਾਂ। ਜਿਵੇਂ ਬਾਬਾ ਇਸ ਵਿੱਚ ਟੈਮਪ੍ਰੇਰੀ ਬੈਠਾ ਹੈ, ਇਵੇਂ ਹੁਣ ਅਸੀਂ ਵੀ ਘਰ ਜਾਣਾ ਹੈ। ਜਿਵੇਂ ਬਾਬਾ ਦਾ ਮਮਤਵ ਨਹੀਂ ਹੈ, ਓਵੇਂ ਸਾਨੂੰ ਵੀ ਮਮਤਵ ਨਹੀਂ ਰੱਖਣਾ ਹੈ। ਬਾਪ ਨੂੰ ਤਾਂ ਇਸ ਸ਼ਰੀਰ ਵਿੱਚ ਬੈਠਣਾ ਪੈਂਦਾ ਹੈ, ਤੁਹਾਨੂੰ ਬੱਚਿਆਂ ਨੂੰ ਸਮਝਾਉਣ ਦੇ ਲਈ।

ਤੁਹਾਨੂੰ ਹੁਣ ਵਾਪਿਸ ਜਾਣਾ ਹੈ ਇਸਲਈ ਕੋਈ ਦੇਹਧਾਰੀ ਨਾਲ ਮਮਤਵ ਨਾ ਰਹੇ। ਇਹ ਫਲਾਣੀ ਬੜੀ ਵਧੀਆ ਹੈ, ਮਿੱਠੀ ਹੈ - ਆਤਮਾ ਦੀ ਬੁੱਧੀ ਜਾਂਦੀ ਹੈ ਨਾ। ਬਾਪ ਕਹਿੰਦੇ ਹਨ ਸ਼ਰੀਰ ਨੂੰ ਨਹੀਂ, ਆਤਮਾ ਨੂੰ ਦੇਖਣਾ ਹੈ। ਸ਼ਰੀਰ ਨੂੰ ਦੇਖਣ ਨਾਲ ਫੱਸ ਮਰੋਗੇ। ਵੱਡੀ ਮੰਜਿਲ ਹੈ। ਤੁਹਾਡਾ ਵੀ ਜਨਮ ਜਨਮਾਂਤਰ ਦਾ ਪੁਰਾਣਾ ਮਮਤਵ ਹੈ। ਬਾਬਾ ਦਾ ਮਮਤਵ ਨਹੀਂ ਹੈ ਇਸਲਈ ਤਾਂ ਤੁਹਾਨੂੰ ਬੱਚਿਆਂ ਨੂੰ ਸਿਖਾਉਣ ਲਈ ਆਇਆ ਹਾਂ। ਬਾਪ ਖੁੱਦ ਕਹਿੰਦੇ ਹਨ ਕੀ ਮੈਂ ਤਾਂ ਇਸ ਸ਼ਰੀਰ ਵਿੱਚ ਨਹੀਂ ਫਸਦਾ ਹਾਂ, ਤੁਸੀਂ ਫੱਸੇ ਹੋਏ ਹੋ। ਮੈਂ ਤੁਹਾਨੂੰ ਛਡਾਉਣ ਲਈ ਆਇਆ ਹਾਂ। ਤੁਹਾਡੇ 84 ਜਨਮ ਪੂਰੇ ਹੋਏ, ਹੁਣ ਸ਼ਰੀਰ ਤੋਂ ਭਾਨ ਨਿਕਾਲੋ। ਦੇਹੀ ਅਭਿਮਾਨੀ ਹੋ ਕੇ ਨਾ ਰਹਿਣ ਨਾਲ ਤੁਸੀਂ ਕਿਤੇ ਨਾ ਕਿਤੇ ਫੱਸਦੇ ਰਹੋਗੇ। ਕੋਈ ਦੀ ਗੱਲ ਵਧੀਆ ਲੱਗੇਗੀ, ਕਿਸੇ ਦਾ ਸ਼ਰੀਰ ਵਧੀਆ ਲੱਗੇਗਾ, ਤਾਂ ਘਰ ਵਿੱਚ ਵੀ

ਉਨ੍ਹਾਂ ਦੀ ਯਾਦ ਆਉਂਦੀ ਰਹੇਗੀ। ਜਿਸਮ ਨਾਲ ਪਿਆਰ ਹੋਵੇਗਾ ਤਾਂ ਹਾਰ ਖਾ ਲੈਣਗੇ। ਇਵੇਂ ਬੜੇ ਖ਼ਰਾਬ ਹੋ ਜਾਂਦੇ ਹਨ। ਬਾਪ ਕਹਿੰਦੇ ਹਨ ਇਸਤਰੀ ਪੁੱਰਖ ਦਾ ਸੰਬੰਧ ਛੱਡ ਕੇ ਆਪਣੇ ਨੂੰ ਆਤਮਾ ਸਮਝੋ। ਇਹ ਵੀ ਆਤਮਾ, ਅਸੀਂ ਵੀ ਆਤਮਾ। ਆਤਮਾ ਸਮਝਦੇ ਸਮਝਦੇ ਸ਼ਰੀਰ ਦਾ ਭਾਨ ਨਿਕਲ ਜਾਵੇਗਾ। ਬਾਪ ਦੀ ਯਾਦ ਨਾਲ ਵਿਕਰਮ ਵੀ ਵਿਨਾਸ਼ ਹੋਣਗੇ। ਇਸ ਗੱਲ ਤੇ ਤੁਸੀਂ ਚੰਗੀ ਤਰ੍ਹਾਂ ਵਿਚਾਰ ਸਾਗਰ ਮੰਥਨ ਕਰ ਸਕਦੇ ਹੋ। ਵਿਚਾਰ ਸਾਗਰ ਮੰਥਨ ਕਰਨ ਦੇ ਬਗੈਰ ਤੁਸੀਂ ਉੱਛਲ ਨਹੀਂ ਸਕਦੇ ਹੋ। ਇਹ ਪੱਕਾ ਹੋਣਾ ਚਾਹੀਦਾ ਹੈ ਕਿ ਸਾਨੂੰ ਆਪਣੇ ਬਾਪ ਕੋਲ ਜਾਣਾ ਹੈ ਜਰੂਰ। ਮੂਲ ਗੱਲ ਹੈ ਹੀ ਯਾਦ ਦੀ। 84 ਦਾ ਚੱਕਰ ਪੂਰਾ ਹੋਇਆ ਫਿਰ ਸ਼ੁਰੂ ਹੋਣਾ ਹੈ। ਇਸ ਪੁਰਾਣੇ ਸ਼ਰੀਰ ਤੋਂ ਮਮਤਵ ਨਹੀਂ ਕੱਢਿਆ ਤਾਂ ਫੱਸ ਜਾਓਗੇ ਆਪਣੇ ਸ਼ਰੀਰ ਜਾਂ ਕਿਸੇ ਮਿੱਤਰ ਸੰਬੰਧੀਆਂ ਦੇ ਸ਼ਰੀਰ ਵਿੱਚ। ਤੁਹਾਨੂੰ ਤਾਂ ਕਿਸੇ ਨਾਲ ਦਿੱਲ ਨਹੀਂ ਲਗਾਉਣੀ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ। ਅਸੀਂ ਆਤਮਾ ਵੀ ਨਿਰਾਕਾਰ, ਬਾਪ ਵੀ ਨਿਰਾਕਾਰ, ਅੱਧਾ ਕਲਪ ਤੁਸੀਂ ਭਗਤੀ ਮਾਰਗ ਵਿੱਚ ਬਾਪ ਨੂੰ ਯਾਦ ਕਰਦੇ ਆਏ ਹੋ ਨਾ। 'ਹੇ ਪ੍ਰਭੂ' ਕਹਿਣ ਨਾਲ ਸ਼ਿਵਲਿੰਗ ਹੀ ਸਾਮਣੇ ਆਏਗਾ। ਕੋਈ ਦੇਹਧਾਰੀ ਨੂੰ 'ਹੇ ਪ੍ਰਭੂ' ਕਹਿ ਨਹੀਂ ਸਕਦੇ। ਸਾਰੇ ਸ਼ਿਵ ਦੇ ਮੰਦਿਰ ਵਿੱਚ ਜਾਂਦੇ ਹਨ, ਉਨ੍ਹਾਂ ਨੂੰ ਹੀ ਪਰਮਾਤਮਾ ਸਮਝ ਪੂਜਦੇ ਹਨ। ਉੱਚੇ ਤੋਂ ਉੱਚਾ ਭਗਵਾਨ ਇਕ ਹੀ ਹੈ। ਉੱਚੇ ਤੇ ਉੱਚਾ ਮਤਲਬ ਪਰਮਧਾਮ ਵਿੱਚ ਰਹਿਣ ਵਾਲਾ। ਭਗਤੀ ਵੀ ਪਹਿਲਾਂ ਅਵਿੱਭਚਾਰੀ ਹੁੰਦੀ ਹੈ ਇਕ ਦੀ। ਫਿਰ ਵਿਭਚਾਰੀ ਬਣ ਜਾਂਦੀ ਹੈ। ਤਾਂ ਬਾਪ ਬਾਰ - ਬਾਰ ਬੱਚਿਆਂ ਨੂੰ ਸਮਝਾਉਂਦੇ ਹਨ ਤੁਸੀਂ ਉੱਚਾ ਪਦ ਪਾਉਣਾ ਹੈ ਤਾਂ ਇਹ ਪ੍ਰੈਕਟਿਸ ਕਰੋ। ਦੇਹ ਦਾ ਭਾਨ ਛੱਡੋ। ਸੰਨਿਆਸੀ ਵੀ ਵਿਕਾਰਾਂ ਨੂੰ ਛੱਡਦੇ ਹਨ ਨਾ। ਅੱਗੇ ਤਾਂ ਉਸ ਸਤੋਪ੍ਰਧਾਨ ਸੀ ਹੁਣ ਤਾ ਉਹ ਵੀ ਤਮੋਪ੍ਰਧਾਨ ਬਣ ਗਏ ਹਨ। ਸਤੋਪ੍ਰਧਾਨ ਆਤਮਾ ਕਸ਼ਿਸ਼ ਕਰਦੀ ਹੈ, ਅਪਵਿੱਤਰ ਆਤਮਾ ਨੂੰ ਖਿੱਚਦੀ ਹੈ ਕਿਉਂਕਿ ਆਤਮਾ ਪਵਿੱਤਰ ਹਨ। ਭਾਵੇ ਪੁਨਰਜਨਮ ਵਿੱਚ ਆਉਂਦੇ ਹਨ ਤਾ ਵੀ ਪਵਿੱਤਰ ਹੋਣ ਕਾਰਣ ਆਤਮਾ ਖਿੱਚਦੀ ਹੈ। ਕਿੰਨੇ ਉਨ੍ਹਾਂ ਦੇ ਫੋਲੋਵਰਸ ਬਣਦੇ ਹਨ। ਜਿੰਨੀ ਪਵਿੱਤਰਤਾ ਦੀ ਜ਼ਿਆਦਾ ਤਾਕਤ ਉਤਨੇ ਹੀ ਜ਼ਿਆਦਾ ਫੋਲੋਵਰਸ। ਇਹ ਬਾਪ ਤਾਂ ਹੈ ਹੀ ਐਵਰ ਪਿਓਰ (ਸਦਾ ਪਵਿੱਤਰ) ਅਤੇ ਹੈ ਵੀ ਗੁੱਪਤ। ਡਬਲ ਹੈ ਨਾ, ਤਾਕਤ ਸਾਰੀ ਉਨ੍ਹਾਂ ਦੀ ਹੈ। ਇਨ੍ਹਾਂ(ਬ੍ਰਹਮਾ) ਦੀ ਨਹੀਂ ਹੈ। ਸ਼ੁਰੂ ਵਿੱਚ ਵੀ ਤੁਹਾਨੂੰ ਉਸ ਨੇ ਕਸ਼ਿਸ਼ ਕੀਤੀ। ਇਸ ਬ੍ਰਹਮਾ ਨੇ ਨਹੀਂ ਕਿਉਂਕਿ ਉਹ ਤਾਂ ਐਵਰ ਪਿਓਰ ਹੈ। ਤੁਸੀਂ ਕੋਈ ਇਸਦੇ ਪਿੱਛੇ ਨਹੀਂ ਭੱਜੇ ਹੋ। ਇਹ ਕਹਿੰਦੇ ਹਨ ਮੈਂ ਤਾਂ ਸਭ ਤੋਂ ਜ਼ਿਆਦਾ ਪੂਰੇ 84 ਜਨਮ ਪ੍ਰਵਿਰਤੀ ਮਾਰਗ ਵਿੱਚ ਰਿਹਾ ਹਾਂ। ਇਹ ਤਾਂ ਤੁਹਾਨੂੰ ਖਿੱਚ ਨਹੀਂ ਸਕਦਾ ਹੈ। ਬਾਪ ਕਹਿੰਦੇ ਮੈਂ ਤੁਹਾਨੂੰ ਖਿੱਚਿਆ। ਭਾਵੇਂ ਸੰਨਿਆਸੀ ਪਵਿੱਤਰ ਰਹਿੰਦੇ ਹਨ। ਪਰ ਮੇਰੇ ਵਰਗਾ ਪਵਿੱਤਰ ਤਾਂ ਕੋਈ ਵੀ ਨਹੀਂ ਹੋਵੇਗਾ। ਉਹ ਤਾਂ ਸਾਰੇ ਭਗਤੀ ਮਾਰਗ ਦੇ ਸ਼ਾਸਤਰ ਆਦਿ ਸੁਣਾਉਂਦੇ ਰਹਿੰਦੇ ਹਨ। ਮੈਂ ਆਕੇ ਤੁਹਾਨੂੰ ਸਾਰੇ ਵੇਦਾਂ ਸ਼ਾਸਤਰਾਂ ਦਾ ਸਾਰ ਸੁਣਾਉਂਦਾ ਹਾਂ। ਚਿਤੱਰ ਵਿੱਚ ਵੀ ਦਿਖਾਇਆ ਹੈ ਕਿ ਵਿਸ਼ਨੂੰ ਦੀ ਨਾਭੀ ਵਿੱਚੋ ਬ੍ਰਹਮਾ ਨਿਕਲਿਆ ਫਿਰ ਬ੍ਰਹਮਾ ਦੇ ਹੱਥ ਵਿੱਚ ਸ਼ਾਸਤਰ ਦਿਖਾਏ ਹਨ। ਹੁਣ ਵਿਸ਼ਨੂੰ ਤਾਂ ਬ੍ਰਹਮਾ ਦਵਾਰਾ ਸ਼ਾਸਤਰਾਂ ਦਾ ਸਾਰ ਨਹੀਂ ਸੁਣਾਉਂਦੇ ਹਨ। ਉਹ ਤਾ ਵਿਸ਼ਨੂੰ ਨੂੰ ਵੀ ਭਗਵਾਨ ਸਮਝ ਲੈਂਦੇ ਹਨ। ਬਾਪ ਸਮਝਾਉਂਦੇ ਹਨ ਮੈਂ ਇਹਨਾਂ ਬ੍ਰਹਮਾ ਦਵਾਰਾ ਸੁਣਾਉਂਦਾ ਹਾਂ। ਮੈਂ ਵਿਸ਼ਨੂੰ ਦਵਾਰਾ ਥੋੜੀ ਸਮਝਾਉਂਦਾ ਹਾਂ। ਕਿਥੇ ਬ੍ਰਹਮਾ, ਕਿਥੇ ਵਿਸ਼ਨੂੰ। ਬ੍ਰਹਮਾ ਸੋ ਵਿਸ਼ਨੂੰ ਬਣਦੇ ਹਨ ਫਿਰ 84 ਜਨਮ ਦੇ ਬਾਅਦ ਇਹ ਸੰਗਮ ਹੋਵੇਗਾ। ਇਹ ਤਾ ਨਵੀਆਂ ਗੱਲਾਂ ਹਨ। ਕਿੰਨੀਆਂ ਵੰਡਰਫੁੱਲ ਗੱਲਾਂ ਹਨ ਸਮਝਾਉਣ ਦੀਆਂ।

ਹੁਣ ਤਾ ਬਾਪ ਕਹਿੰਦੇ ਹਨ - ਬੱਚੇ, ਜਿਉਂਦੇ ਜੀ ਮਰਨਾ ਹੈ। ਤੁਸੀਂ ਸ਼ਰੀਰ ਵਿੱਚ ਜਿਉਂਦੇ ਹੋ ਨਾ। ਸਮਝਦੇ ਹੋ ਅਸੀਂ ਆਤਮਾ ਹਾਂ, ਅਸੀਂ ਬਾਬਾ ਦੇ ਨਾਲ ਚਲੇ ਜਾਵਾਂਗੇ। ਇਹ ਸ਼ਰੀਰ ਆਦਿ ਕੁਝ ਵੀ ਲੈ ਨਹੀਂ ਜਾਣਾ ਹੈ। ਹੁਣ ਬਾਬਾ ਆਇਆ ਹੈ, ਕੁਝ ਤਾਂ ਨਵੀ ਦੁਨੀਆਂ ਵਿੱਚ ਟਰਾਂਸਫਰ ਕਰ ਦਈਏ। ਮਨੁੱਖ ਦਾਨ ਪੁੰਨ ਕਰਦੇ ਹਨ ਦੂਜੇ ਜਨਮ ਵਿੱਚ ਪਾਉਣ ਦੇ ਲਈ। ਤੁਹਾਨੂੰ ਵੀ ਨਵੀ ਦੁਨੀਆਂ ਵਿੱਚ ਮਿਲਣਾ ਹੈ। ਇਹ ਵੀ ਕਰਨਗੇ ਉਹ ਹੀ ਜਿਨ੍ਹਾਂ ਨੇ ਕਲਪ ਪਹਿਲਾ ਕੀਤਾ ਹੋਵੇਗਾ। ਘਟ ਵੱਧ ਕੁਝ ਵੀ ਨਹੀਂ ਹੋਵੇਗਾ। ਤੁਸੀਂ ਸਾਕਸ਼ੀ ਹੋ ਕੇ ਦੇਖਦੇ ਰਹੋਗੇ। ਕੁਝ ਕਹਿਣ ਦੀ ਵੀ ਲੋੜ ਨਹੀਂ ਰਹਿੰਦੀ ਹੈ। ਫਿਰ ਵੀ ਬਾਪ ਸਮਝਾਉਂਦੇ ਹਨ ਜੋ ਕੁਝ ਵੀ ਕਰਦੇ ਹੋ ਉਸਦਾ ਵੀ ਹੰਕਾਰ ਨਹੀਂ ਆਉਣਾ ਚਾਹੀਦਾ ਹੈ। ਅਸੀਂ ਆਤਮਾ ਇਹ ਸ਼ਰੀਰ ਛੱਡ ਕੇ ਚਲੇ ਜਾਵਾਂਗੇ। ਉਥੇ ਨਵੀ ਦੁਨੀਆਂ ਵਿੱਚ ਜਾਕੇ ਨਵਾਂ ਸ਼ਰੀਰ ਲਵਾਂਗੇ। ਗਾਇਆ ਵੀ ਜਾਂਦਾ ਹੈ ਰਾਮ ਗਿਓ ਰਾਵਣ ਗਿਓ... ਰਾਵਣ ਦਾ ਪਰਿਵਾਰ ਕਿੰਨਾ ਵੱਡਾ ਹੈ। ਤੁਸੀਂ ਤਾਂ ਮੁੱਠੀ ਭਰ ਹੋ। ਇਹ ਸਾਰਾ ਰਾਵਣ ਸੰਪਰਦਾਏ ਹੈ। ਤੁਹਾਡਾ ਰਾਮ ਸੰਪਰਦਾਏ ਕਿੰਨਾ ਥੋੜਾ ਹੋਵੇਗਾ - 9 ਲੱਖ। ਤੁਸੀਂ ਧਰਤੀ ਤੇ ਸਿਤਾਰੇ ਹੋ। ਮਾਂ ਬਾਪ ਅਤੇ ਤੁਸੀਂ ਬੱਚੇ। ਤਾਂ ਬਾਪ ਬਾ - ਬਾਰ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਮਰਜੀਵਾ ਬਣਨ ਦੀ ਕੋਸ਼ਿਸ਼ ਕਰੋ। ਜੇਕਰ ਕਿਸੇ ਨੂੰ ਦੇਖ ਕੇ ਬੁੱਧੀ ਵਿੱਚ ਆਉਂਦਾ ਹੈ - ਇਹ ਬਹੁਤ ਚੰਗੀ ਹੈ, ਬੜਾ ਮਿੱਠਾ ਸਮਝਾਉਂਦੀ ਹੈ, ਇਹ ਵੀ ਮਾਇਆ ਦਾ ਵਾਰ ਹੈ, ਮਾਇਆ ਲਲਚਾ ਦਿੰਦੀ ਹੈ। ਉਨ੍ਹਾਂ ਦੀ ਤਕਦੀਰ ਵਿੱਚ ਨਹੀਂ ਹੈ ਤਾ ਮਾਇਆ ਸਾਮਣੇ ਆ ਜਾਂਦੀ ਹੈ। ਕਿੰਨਾ ਵੀ ਸਮਝਾਓ ਤਾਂ ਗੁੱਸਾ ਲੱਗੇਗਾ। ਇਹ ਨਹੀਂ ਸਮਝਦੇ ਕਿ ਇਹ ਦੇਹ - ਅਭਿਮਾਨ ਹੀ ਕੰਮ ਕਰਵਾ ਰਿਹਾ ਹੈ। ਜੇਕਰ ਜ਼ਿਆਦਾ ਸਮਝਾਉਂਦੇ ਤਾਂ ਟੁੱਟ ਪੈਂਦੇ ਹਨ ਇਸਲਈ ਪਿਆਰ ਨਾਲ ਚਲਾਓਨਾ ਪੈਂਦਾ ਹੈ। ਕਿਸੇ ਦੇ ਨਾਲ ਦਿਲ ਲੱਗ ਜਾਂਦਾ ਹੈ ਤਾ ਗੱਲ ਨਾ ਪੁੱਛੋ, ਪਾਗਲ ਹੋ ਜਾਂਦੇ ਹਨ। ਮਾਇਆ ਇਕਦਮ ਬੇਸਮਝ ਬਣਾ ਦਿੰਦੀ ਹੈ ਇਸਲਈ ਬਾਪ ਕਹਿੰਦੇ ਹਨ ਕਦੇ ਵੀ ਨਾਮ ਰੂਪ ਵਿੱਚ ਨਹੀਂ ਫਸਣਾ ਹੈ। ਮੈਂ ਆਤਮਾ ਹਾਂ ਅਤੇ ਇਕ ਬਾਪ ਜੋ ਵਿਦੇਹੀ ਹੈ, ਉਸ ਨਾਲ ਹੀ ਪਿਆਰ ਰੱਖਣਾ ਹੈ। ਇਹ ਹੀ ਮੇਹਨਤ ਹੈ। ਕੋਈ ਵੀ ਦੇਹ ਵਿੱਚ ਮਮਤਵ ਨਾ ਹੋਵੇ। ਇਵੇਂ ਨਹੀਂ ਘਰ ਵਿੱਚ ਵੀ ਉਹ ਗਿਆਨ ਦੇਣ ਵਾਲੀ ਯਾਦ ਆਉਂਦੀ ਰਹੇ - ਬੜੀ ਮਿੱਠੀ ਹੈ, ਬੜਾ ਚੰਗਾ ਸਮਝਾਉਂਦੀ ਹੈ। ਅਰੇ, ਮਿੱਠਾ ਤਾਂ ਗਿਆਨ ਹੈ। ਮਿੱਠੀ ਆਤਮਾ ਹੈ। ਸ਼ਰੀਰ ਥੋੜੀ ਮਿੱਠਾ ਹੈ। ਗੱਲ ਕਰਨ ਵਾਲੀ ਵੀ ਆਤਮਾ ਹੈ। ਕਦੇ ਵੀ ਸ਼ਰੀਰ ਤੇ ਆਸ਼ਿਕ ਨਹੀਂ ਹੋਣਾ ਹੈ।

ਅੱਜਕਲ ਤਾਂ ਭਗਤੀ ਮਾਰਗ ਬਹੁਤ ਹੈ। ਆਨੰਦਮਈ ਮਾਂ ਨੂੰ ਵੀ ਮਾਂ-ਮਾਂ ਕਰਦੇ ਯਾਦ ਕਰਦੇ ਰਹਿੰਦੇ ਹਨ। ਅੱਛਾ, ਬਾਪ ਕਿਥੇ ਹੈ?

ਵਰਸਾ ਬਾਪ ਤੋਂ ਮਿਲਨਾ ਹੈ ਜਾਂ ਮਾਂ ਤੋਂ? ਮਾਂ ਨੂੰ ਵੀ ਪੈਸਾ ਕਿਥੋਂ ਮਿਲੇਗਾ? ਸਿਰਫ ਮਾਂ ਮਾਂ ਕਹਿਣ ਨਾਲ ਜਰਾ ਵੀ ਪਾਪ ਨਹੀਂ ਕੱਟਣਗੇ। ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਨਾਮ ਰੂਪ ਵਿੱਚ ਨਹੀਂ ਫਸਣਾ ਹੈ, ਹੋਰ ਹੀ ਪਾਪ ਹੋ ਜਾਵੇਗਾ ਕਿਉਂਕਿ ਬਾਪ ਦਾ ਨਾਫਰਮਾਂਬਰਦਾਰ ਬਣਦੇ ਹੋ। ਬੜੇ ਬੱਚੇ ਭੁੱਲੇ ਹੋਏ ਹਨ। ਬਾਪ ਸਮਝਾਉਂਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਲੈਣ ਦੇ ਲਈ ਆਇਆ ਹਾਂ ਤਾਂ ਜਰੂਰ ਲੈ ਜਾਵਾਂਗਾ, ਇਸਲਈ ਮੈਨੂੰ ਯਾਦ ਕਰੋ। ਇਕ ਮੈਨੂੰ ਯਾਦ ਕਰਨ ਨਾਲ ਤੁਹਾਡੇ ਪਾਪ ਕੱਟਣਗੇ। ਭਗਤੀ ਮਾਰਗ ਵਿੱਚ ਬਹੁਤਿਆਂ ਨੂੰ ਯਾਦ ਕਰਦੇ ਆਏ ਹੋ। ਪਰ ਬਾਪ ਬਗੈਰ ਕੋਈ ਕੰਮ ਕਿਵੇਂ ਹੋਵੇਗਾ। ਬਾਪ ਥੋੜੀ ਕਹਿੰਦੇ ਹਨ ਮਾਂ ਨੂੰ ਯਾਦ ਕਰੋ। ਬਾਪ ਤਾਂ ਕਹਿੰਦੇ ਹਨ ਮੈਨੂੰ ਯਾਦ ਕਰੋ। ਪਤਿਤ - ਪਾਵਨ ਮੈਂ ਹਾਂ। ਬਾਪ ਦੇ ਡਾਇਰੈਕਸ਼ਨ ਤੇ ਚੱਲੋ। ਤੁਸੀਂ ਵੀ ਬਾਪ ਦੇ ਡਾਇਰੈਕਸ਼ਨ ਤੇ ਹੋਰਾਂ ਨੂੰ ਸਮਝਾਉਂਦੇ ਰਹੋ। ਤੁਸੀਂ ਥੋੜੀ ਪਤਿਤ- ਪਾਵਨ ਠਹਿਰੇ। ਯਾਦ ਇਕ ਨੂੰ ਹੀ ਕਰਨਾ ਹੈ। ਸਾਡਾ ਤਾਂ ਇਕ ਬਾਪ, ਦੂਜਾ ਨਾ ਕੋਈ। ਬਾਬਾ ਅਸੀਂ ਤੁਹਾਡੇ ਤੇ ਹੀ ਵਾਰੀ ਜਾਵਾਂਗੇ। ਵਾਰੀ ਜਾਣਾ ਤਾਂ ਸ਼ਿਵਬਾਬਾ ਤੇ ਹੀ ਹੈ ਹੋਰ ਸਭ ਦੀ ਯਾਦ ਛੁੱਟ ਜਾਣੀ ਚਾਹੀਦੀ ਹੈ। ਭਗਤੀ ਮਾਰਗ ਵਿੱਚ ਤਾਂ ਬਹੁਤਿਆਂ ਨੂੰ ਯਾਦ ਕਰਦੇ ਰਹਿੰਦੇ ਹਾਂ। ਇਥੇ ਤਾਂ ਇਕ ਸ਼ਿਵਬਾਬਾ,ਦੂਜਾ ਨਾ ਕੋਈ। ਫਿਰ ਵੀ ਕੋਈ ਆਪਣੀ ਚਲਾਉਂਦੇ ਤਾਂ ਕੀ ਗਤੀ ਸਦਗਤੀ ਹੋਵੇਗੀ! ਮੂੰਝ ਜਾਂਦੇ ਹਨ ਕਿ ਬਿੰਦੀ ਨੂੰ ਕਿਵੇਂ ਯਾਦ ਕਰੀਏ? ਅਰੇ, ਤੁਹਾਨੂੰ ਆਪਣੀ ਆਤਮਾ ਯਾਦ ਹੈ ਨਾ ਕਿ ਮੈਂ ਆਤਮਾ ਹਾਂ। ਉਹ ਵੀ ਬਿੰਦੀ ਰੂਪ ਹੈ। ਤਾਂ ਤੁਹਾਡਾ ਬਾਪ ਵੀ ਬਿੰਦੀ ਹੈ। ਬਾਪ ਤੋਂ ਵਰਸਾ ਮਿਲਦਾ ਹੈ। ਮਾਂ ਤਾਂ ਫਿਰ ਵੀ ਦੇਹਧਾਰੀ ਹੋ ਜਾਂਦੀ ਹੈ। ਤੁਹਾਨੂੰ ਵਿਦੇਹੀ ਤੋਂ ਹੀ ਵਰਸਾ ਮਿਲਣਾ ਹੈ ਇਸਲਈ ਹੋਰ ਸਭ ਗੱਲਾਂ ਛੱਡ ਕੇ ਇਕ ਨਾਲ ਬੁੱਧੀ ਯੋਗ ਲਗਾਉਣਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸ਼ਰੀਰ ਦਾ ਭਾਨ ਖਤਮ ਕਰਨ ਦੇ ਲਈ ਚਲਦੇ ਫਿਰਦੇ ਅਭਿਆਸ ਕਰਨਾ ਹੈ - ਜਿਵੇਂਕਿ ਇਸ ਸ਼ਰੀਰ ਤੋਂ ਮਰੇ ਹੋਏ ਹਾਂ, ਨਿਆਰੇ ਹਾਂ। ਸ਼ਰੀਰ ਵਿੱਚ ਹੈ ਹੀ ਨਹੀਂ। ਬਗੈਰ ਸ਼ਰੀਰ ਆਤਮਾ ਨੂੰ ਦੇਖੋ।

**2.** ਕਦੇ ਵੀ ਕਿਸੇ ਦੇ ਸ਼ਰੀਰ ਤੇ ਤੁਹਾਨੂੰ ਆਸ਼ਿਕ ਨਹੀਂ ਹੋਣਾ ਹੈ। ਇਕ ਵਿਦੇਹੀ ਬਾਪ ਨਾਲ ਪਿਆਰ ਰੱਖਣਾ ਹੈ। ਇਕ ਨਾਲ ਹੀ ਬੁੱਧੀ ਯੋਗ ਲਗਾਉਣਾ ਹੈ।

ਵਰਦਾਨ:- ਸੇਵਾ ਅਤੇ ਖੁਦ ਪੁਰਸ਼ਾਰਥ ਦੇ ਬੈਲੇਂਸ ਦਵਾਰਾ ਬਲੈਸਿੰਗ ਪ੍ਰਾਪਤ ਕਰਨ ਵਾਲੇ ਕਰਮਯੋਗੀ ਭਾਵ

ਕਰਮਯੋਗੀ ਮਤਲਬ ਕਰਮ ਦੇ ਸਮੇਂ ਵੀ ਯੋਗ ਦਾ ਬੈਲੇਂਸ ਹੋਵੇ। ਸੇਵਾ ਮਤਲਬ ਕਰਮ ਅਤੇ ਖੁਦ ਪੁਰਸ਼ਾਰਥ ਮਤਲਬ ਯੋਗਯੁਕਤ - ਇਹਨਾਂ ਦੋਵਾਂ ਦਾ ਬੈਲੇਂਸ ਰੱਖਣ ਦੇ ਲਈ ਇੱਕ ਹੀ ਸ਼ਬਦ ਯਾਦ ਰੱਖੋ ਕਿ ਬਾਪ ਕਰਨਕਰਾਵਨਹਾਰ ਹੈ ਅਤੇ ਮੈਂ ਆਤਮਾ ਕਰਨਹਾਰ ਹਾਂ। ਇਹ ਇੱਕ ਸ਼ਬਦ ਬੈਲੇਂਸ ਬਹੁਤ ਸਹਿਜ ਬਣਾਏਗਾ ਅਤੇ ਸਰਵ ਦੀ ਬਲੈਸਿੰਗ ਮਿਲੇਗੀ। ਜਦੋਂ ਕਰਨਹਾਰ ਦੀ ਬਜਾਏ ਆਪਣੇ ਨੂੰ ਕਰਾਵਨਹਾਰ ਸਮਝ ਲੈਂਦੇ ਹੋ ਤਾਂ ਬੈਲੇਂਸ ਨਹੀਂ ਰਹਿੰਦਾ ਅਤੇ ਮਾਇਆ ਆਪਣਾ ਚਾਂਸ ਲੈ ਲੈਂਦੀ ਹੈ।

ਸਲੋਗਨ:- ਨਜ਼ਰ ਤੋਂ ਨਿਹਾਲ ਕਰਨ ਦੀ ਸੇਵਾ ਕਰਨੀ ਹੈ ਤਾਂ ਬਾਪਦਾਦਾ ਨੂੰ ਆਪਣੀ ਨਜ਼ਰਾਂ ਵਿੱਚ ਸਮਾ ਲਵੋ।

******